# ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043256, 5043251

ਵੱਲ :

ਰਾਜ ਦੇ ਸਮੂਹ
ਮੰਡਲ ਸਿੱਖਿਆ ਅਫਸਰ
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)(ਐ:ਸਿ)

ਮੀਮੋ ਨੰ: ਡਿ.ਡਾ./2012/ਇੰਨਫੋਰਸਮੈਂਟ/ R006811
ਮਿਤੀ, ਚੰਡੀਗੜ੍ਹ: 29.11.2012

ਵਿਸ਼ਾ:- ਲੰਬੇ ਸਮੇਂ ਤੋਂ ਗੈਰ ਹਾਜ਼ਰ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਸਬੰਧੀ।

ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਿੱਖਿਆ ਵਿਭਾਗ ਦੇ ਵੱਖ ਵੱਖ ਸਕੂਲਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ (ਸਸ) ਅਤੇ (ਅਸ) ਦੇ ਦਫਤਰਾਂ ਵਿੱਚ ਕੰਮ ਕਰ ਰਹੇ ਕਰਮਚਾਰੀ ਪਿਛਲੇ ਕੁਝ ਅਰਸੇ ਤੋ ਗੈਰ ਹਾਜਰ ਚਲ ਰਹੇ ਆ ਰਹੇ ਹਨ ਜਾਂ ਕਈ ਕਰਮਚਾਰੀ ਥੋੜੇ ਸਮੇ ਦੀ ਵਿਦੇਸ਼ ਛੁੱਟੀ ਮੰਨਜੂਰ ਕਰਵਾਉਣ ਉਪਰੰਤ ਵਾਪਿਸ ਡਿਊਟੀ ਤੇ ਨਹੀਂ ਪਰਤੇ ।ਆਪ ਦੇ ਦਫਤਰਾਂ/ਸਕੂਲ ਮੁੱਖੀਆਂ ਵਲੋਂ ਸਮੇਂ ਸਿਰ ਗੈਰ-ਹਾਜ਼ਰ ਕਰਮਚਾਰੀਆਂ ਦੀ ਸੂਚਨਾਂ ਨਾਂ ਭੇਜਣ ਕਾਰਨ ਕਈ ਵਾਰ ਅਜਿਹੇ ਕਰਮਚਾਰੀ ਕਾਫੀ ਸਮਾਂ ਡਿਊਟੀ ਤੋਂ ਗੈਰ ਹਾਜ਼ਰ ਰਹਿ ਕੇ ਵਾਪਿਸ ਸਕੂਲਾਂ ਵਿੱਚ ਹਾਜ਼ਰ ਹੋ ਜਾਂਦੇ ਹਨ। ਅਜਿਹੇ ਅਨਸਰਾਂ ਦੀ ਲਗਾਤਾਰ ਗੈਰ-ਹਾਜ਼ਰੀ ਨਾਲ ਜਿੱਥੇ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਅਤੇ ਦਫਤਰੀ ਕੰਮ-ਕਾਜ ਤੇ ਮਾੜਾ ਅਸਰ ਪੈਂਦਾ ਹੈ, ਉੱਥੇ ਸਰਕਾਰ ਦੇ ਖਜ਼ਾਨੇ ਤੇ ਬੇਲੋੜਾ ਵਿੱਤੀ ਬੋਝ ਵੀ ਪੈਂਦਾ ਹੈ ।ਕਿਉਂਜੋ ਅਜਿਹੇ ਕਰਮਚਾਰੀਆਂ ਨੂੰ ਬਿਨ੍ਹਾਂ ਕੰਮ ਤੋਂ ਕਈਂ ਵਾਰ ਪਿਛਲੀ ਤਨਖਾਹ/ਪੈਨਸਨਰੀ ਲਾਭ ਆਦਿ ਦੇਣੇ ਪੈ ਜਾਂਦੇ ਹਨ। ਇਸ ਲਈ ਸਿੱਖਿਆ ਵਿਭਾਗ ਵਿੱਚ ਇਸ ਪ੍ਰਵਿਰਤੀ/ਰੁਝਾਨ ਨੂੰ ਰੋਕਣ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਵੀ ਕੋਈ ਕਰਮਚਾਰੀ ਬ੍ਰਿਨਾਂ ਛੁਟੀ ਮੰਨਜੂਰ ਕਰਵਾਏ ਸਰਕਾਰੀ ਡਿਊਟੀ ਤੋਂ ਗੈਰ-ਹਾਜ਼ਰ ਹੁੰਦਾ ਹੈ ਜਾਂ ਛੁੱਟੀ ਪੂਰੀ ਹੋਣ ਉਪਰੰਤ ਵਾਪਿਸ ਹਾਜ਼ਰ ਨਹੀਂ ਹੋਏ ਤਾਂ ਉਸਦੀ ਰਿਪੋਰਟ ਇਸ ਦਫਤਰ ਨੂੰ ਈਮੇਲ ਰਾਂਹੀਂ ਤੁਰੰਤ ਭੇਜੀ ਜਾਇਆ ਕਰੇ।

ਇਸ ਤੋਂ ਇਲਾਵਾ ਆਪ ਆਪਣੇ ਜਿਲ੍ਹਿਆਂ ਵਿੱਚ ਲੰਬੇ ਸਮੇਂ ਤੋਂ ਗੈਰ-ਹਾਜ਼ਰ ਕਰਮਚਾਰੀਆਂ ਦੀ ਮੁਕੰਮਲ ਸੂਚਨਾ ਈਮੇਲ (ddssaestb@gmail.com ) ਰਾਂਹੀਂ ਇਸ ਦਫਤਰ ਨੂੰ ਨਾਲ ਨੱਥੀ ਪ੍ਰੋਫਾਰਮੇ ਵਿੱਚ ਭੇਜੋ ਤਾਂ ਜੋ ਗੈਰ-ਹਾਜ਼ਰ ਕਰਮਚਾਰੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾ ਸਕੇ।

ਇਸ ਲਈ ਆਪ ਆਪਣੇ ਜਿਲ੍ਹੇ ਨਾਲ ਸਬੰਧਤ ਸਾਰੇ ਟੀਚਿੰਗ ਅਤੇ ਨਾਨ ਟੀਚਿੰਗ ਅਮਲੇ ਦੀ ਗੈਰ ਹਾਜਰੀ ਸਬੰਧੀ 30-11-2012 ਤੱਕ ਦੀ ਸਥਿਤੀ ਅਨੁਸਾਰ ਸੂਚਨਾਂ ਨਾਲ ਨੱਥੀ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਈਮੇਲ ਰਾਂਹੀਂ (ddssaestb@gmail.com ) ਮਿਤੀ 15.12.2012 ਤੱਕ ਇਸ ਦਫਤਰ ਨੂੰ ਭੇਜੀ ਜਾਵੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

## ਜ਼ਿਲ੍ਹਾ ਵਾਈਜ਼ ਮਾਸਟਰਜ/ਮਿਸਟ੍ਰੈਸਜ਼/ਨਾਨ ਟੀਚਿੰਗ ਸਬੰਧੀ ਲੰਬੀ ਗੈਰਹਾਜ਼ਰੀ ਕੇਸ ਦੀ ਸੂਚਨਾ ਮਿਤੀ: 30-11-2012 ਤੱਕ

| ਲੜੀ ਨੰ: | ਜਿਲਾ | ਕਰਮਚਾਰੀ ਦਾ ਨਾਂ/ਅਹੁੱਦਾ/ ਸਕੂਲ ਦਾ ਨਾਂ | ਜਨਮ ਮਿਤੀ | ਰੈਗੂਲਰ ਤੌਰ ਤੇ ਨਿਯੁਕਤੀ ਦੀ ਮਿਤੀ | **ਰਿਟਾਇਰਮੈਂਟ ਦੀ ਮਿਤੀ** | ਜਿਸ ਮਿਤੀ ਤੋ ਕਰਮਚਾਰੀ ਗੈਰ ਹਾਜਰੀ ਚਲ ਰਿਹਾ ਹੈ। | ਕੀ ਸਕੂਲ ਦੀ ਜਾਣਕਾਰੀ ਅਨੁਸਾਰ ਦੋਸ਼ ਸੂਚੀ ਜਾਰੀ ਹੋਈ ਹੈ ਜੇਕਰ ਹਾਂ ਤਾਂ ਦੋਸ਼ ਸੂਚੀ ਦਾ ਨੰਬਰ ਅਤੇ ਮਿਤੀ (ਜੇਕਰ ਪਤਾ ਹੈ) | ਕੀ ਪੜਤਾਲੀਆ ਅਫਸਰ ਨਿਯੁਕਤ ਕੀਤਾ ਜਾ ਚੁੱਕਿਆ ਹੈ ਜੇ ਹਾਂ ਤਾਂ ਨਾਮ ਅਤੇ ਅਹੁੱਦਾ (ਜੇਕਰ ਪਤਾ ਹੈ) | ਕੀ ਪੜਤਾਲ ਰਿਪੋਰਟ ਪ੍ਰਾਪਤ ਹੋ ਚੁੱਕੀ ਹੈ। (ਜੇਕਰ ਪਤਾ ਹੈ) | ਕੇਸ ਦੀ ਵਰਤਮਾਨ ਸਥਿਤੀ ।(ਜੇਕਰ ਕਰਮਚਾਰੀ ਰਿਟਾਇਰ/ਸੇਵਾ ਨਵਿਰਤ/ਮੌਤ ਹੋ ਚੁੱਕੀ ਹੈ/ਸੇਵਾਵਾਂ ਖਤਮ ਹੋ ਚੁੱਕੀਆ ਹਨ ਤਾਂ ਉਸ ਦਾ ਵੇਰਵਾ) | ਵਿਸ਼ੇਸ ਕਥਨ |
|---|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9** | **10** | **11** | **12** |
| | | | | | | | | | | | |